# ਦਫਤਰ ਜਿਲ੍ਹਾ ਸਿੱਖਿਆ ਅਫਸਰ(ਐ.ਸਿ./ਸੈ.ਸਿੱ.), ਬਠਿੰਡਾ

ਵੱਲ

ਪ੍ਰਿੰਸੀਪਲ/ਬੀ.ਪੀ.ਈ.ਓਜ਼/ਅਧਿਆਪਕ/ਸਕੂਲ ਮੁਖੀ/,
ਸਮੂਹ ਸਰਕਾਰੀ/ਏਡਿਡ/ਆਦਰਸ਼/ਮਾਡਲ ਸਕੂਲ,
ਬਠਿੰਡਾ।

ਪੱਤਰ ਨੰਬਰ: ਸਸਅ/ਐੱਮ.ਆਈ.ਐੱਸ./2018/094 ਮਿਤੀ: 22-02-2018

ਵਿਸ਼ਾ:- ਈ-ਪੰਜਾਬ ਵੈੱਬ ਪੋਰਟਲ ਤੇ ਡਾਟਾ ਅਪਡੇਟ ਕਰਨ ਸਬੰਧੀ।

ਹਵਾਲਾ ਪੱਤਰ ਨੰ:ਸਸਅ/ਐੱਮ.ਆਈ.ਐੱਸ./2016-4340 ਮਿਤੀ: 11-05-2016

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਮਾਨਯੋਗ ਸਿੱਖਿਆ ਸਕੱਤਰ, ਪੰਜਾਬ ਜੀ ਦੁਆਰਾ ਮਿਤੀ 21-02-2018 ਨੂੰ ਐਜੂਸੈਟ ਤੇ ਲਈ ਮੀਟਿੰਗ ਮੁਤਾਬਿਕ ਅੱਗੇ ਤੋਂ ਸਟਾਫ ਡਿਊਟੀਆਂ, 5ਵੀ, 8ਵੀ ਵਿਦਿਆਰਥੀਆਂ ਦੇ ਪੇਪਰ ਸਬੰਧੀ ਅਤੇ ਹੋਰ ਲੋੜੀਦੇਂ ਡਾਟਾ ਨੂੰ ਈ-ਪੰਜਾਬ ਤੋ ਹੀ ਵਰਤਿਆ ਜਾਵੇਗਾ। ਡਾਟਾ ਅਪਡੇਟ ਕਰਨ ਸਬੰਧੀ ਪਹਿਲਾਂ ਵੀ ਹਵਾਲਾ ਪੱਤਰ ਜਾਰੀ ਕੀਤਾ ਹੋਇਆ ਹੈ। ਜੇਕਰ ਕਿਸੇ ਵੀ ਸਕੂਲ ਦੇ ਈ-ਪੰਜਾਬ ਡਾਟਾ ਅਪਡੇਟ ਨਾ ਕਰਨ ਕਰਕੇ ਕੋਈ ਵੀ ਗਲਤ ਡਿਊਟੀ ਲੱਗ ਜਾਂਦੀ ਹੈ ਜਾਂ ਕਿਸੇ ਵਿਦਿਆਰਥੀ ਨੂੰ ਰੋਲ ਨੰਬਰ ਜਾਰੀ ਕਰਨ ਵਿੱਚ ਕੋਈ ਵੀ ਸਮੱਸਿਆ ਹੋਈ ਜਾਂ ਈ-ਪੰਜਾਬ ਤੇ ਦਰਜ ਕਿਸੇ ਵੀ ਡਾਟਾ ਵਿੱਚ ਕੋਈ ਵੀ ਗਲਤੀ ਕਾਰਨ ਕੋਈ ਵੀ ਪਰੇਸ਼ਾਨੀ ਆਈ ਤਾਂ ਇਸ ਦੀ ਨਿਰੋਲ ਜਿਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ ਕਿਉਕਿ ਸਕੂਲ ਮੁਖੀ ਦੁਆਰਾ ਹੀ OTP ਜਰੀਏ ਹਰ ਮਹੀਨੇ ਈ-ਪੰਜਾਬ ਤੇ ਡਾਟਾ ਦਰੁਸਤੀ ਸਬੰਧੀ ਆਨ ਲਾਈਨ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ। ਸਮੂਹ ਸਕੂਲ ਇਸ ਨੂੰ ਪਰਮ ਅਗੇਤ ਦੇਣ।

ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਕੁੱਝ ਸਕੂਲ ਮੁਖੀਆਂ ਵਲੋਂ ਹਰ ਮਹੀਨੇ ਈ-ਸਰਟੀਫਿਕੇਟ ਸਿਰਫ ਬੈਂਕ ਦੇ ਖਾਤਿਆਂ ਦਾ ਬੈਲੈਂਸ ਦਰਜ ਕਰਕੇ ਹੀ ਸਬਮਿਟ ਕਰ ਦਿੱਤਾ ਜਾਂਦਾ ਹੈ ਜੋ ਕਿ ਗਲਤ ਹੈ। ਇਸ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਸਕੂਲ ਦਾ ਈ-ਪੰਜਾਬ ਦਾ ਸਮੁੱਚਾ ਡਾਟਾ ਚੈੱਕ/ਅਪਡੇਟ ਕਰਕੇ ਹੀ ਹਰ ਮਹੀਨੇ ਈ-ਸਰਟੀਫਿਕੇਟ ਸਬਮਿਟ ਕੀਤਾ ਜਾਵੇ।

ਜਿਲ੍ਹਾ ਸਿੱਖਿਆ ਅਫਸਰ(ਐ.ਸਿੱ.)
ਬਠਿੰਡਾ।

ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ),
ਬਠਿੰਡਾ।